ਨੰ:3 /18/2017 - 3ਸਿ3 / 1 ਫ8147/1

ਪੰਜਾਬ ਸਰਕਾਰ 26/5/17

ਸਿੱਖਿਆ ਵਿਭਾਗ

(ਸਿੱਖਿਆ-3 ਸ਼ਾਖਾ)

ਸੇਵਾ ਵਿਖੇ

ਪ੍ਰਿੰਸੀਪਲ,
ਅਕਾਲ ਅਕੈਡਮੀ,
ਰਾਮਪੁਰ ਨਿਰੋਤਮਪੁਰ,
ਤਰਨਤਾਰਨ।

ਮਿਤੀ:ਚੰਡੀਗੜ੍ਹ:

ਵਿਸ਼ਾ: **ਅਕਾਲ ਅਕੈਡਮੀ, ਰਾਮਪੁਰ ਨਿਰੋਤਮਪੁਰ (ਤਰਨਤਾਰਨ) ਨੂੰ ਸੀ.ਬੀ.ਸੀ.ਐਸ.ਈ. ਨਵੀਂ ਦਿੱਲੀ ਨਾਲ ਐਫੀਲੀਏਸ਼ਨ ਲੈਣ ਲਈ ਇਤਰਾਜ਼ਹੀਣਤਾ ਸਰਟੀਫਿਕੇਟ ਜਾਰੀ ਕਰਨ** ਬਾਰੇ।

******

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਸਕੂਲ ਦੀ ਮੈਨੇਜਮੈਂਟ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾ ਸਮੇਤ ਹਲਫੀਆਂ ਬਿਆਨ, ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਤਰਨਤਾਰਨ ਅਤੇ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਚੰਡੀਗੜ੍ਹ ਦੀਆਂ ਸਿਫਾਰਸ਼ਾ ਨੂੰ ਗਹੁ ਨਾਲ ਵਿਚਾਰਨ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਲੋੜੀਂਦਾ ਇਤਰਾਜਹੀਣਤਾ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਤੇ ਦਿੱਤਾ ਜਾਂਦਾ ਹੈ:-

1. ਭਵਿੱਖ ਵਿਚ ਕਿਸੇ ਵੀ ਸ਼ਿਕਾਇਤ/ਇੰਸਪੈਕਸ਼ਨ ਹੋਣ ਤੇ ਜੇਕਰ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਆਪ ਵੱਲੋਂ ਇਤਰਾਜਹੀਣਤਾ ਸਰਟੀਫਿਕੇਟ ਲੈਣ ਸਮੇਂ ਸਰਕਾਰ ਨੂੰ ਗਲਤ ਸੂਚਨਾ ਦੇ ਆਧਾਰ ਤੇ ਦਰਖਾਸਤ ਦਿੱਤੀ ਗਈ ਹੈ ਅਤੇ ਜਾਂ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਦੀ ਆਪ ਵੱਲੋਂ ਪਾਲਣਾ ਨਹੀਂ ਕੀਤੀ ਜਾਂਦੀ ਅਤੇ ਇਸ ਤਰ੍ਹਾਂ ਹਲਫੀਆਂ ਬਿਆਨ ਵਿੱਚ ਦਿੱਤੀਆਂ ਲਿਖਤੀ ਸ਼ਰਤਾਂ ਨੂੰ ਨਹੀਂ ਮੰਨਿਆ ਜਾਂਦਾ ਰਿਹਾ, ਤਾਂ ਅਜਿਹੇ ਹਾਲਤ ਵਿੱਚ ਕਿਸੇ ਵੀ ਸਮੇਂ ਇਹ ਇਤਰਾਜਹੀਣਤਾ ਸਰਟੀਫਿਕੇਟ ਵਾਪਸ ਲਿਆ ਜਾ ਸਕਦਾ ਹੈ।

2. ਆਪ ਦੇ ਸਕੂਲ ਵਿੱਚ ਪੰਜਾਬੀ ਨੂੰ ਪੜ੍ਹਾਉਣਾ ਦਸਵੀਂ ਸ਼੍ਰੇਣੀ ਤੱਕ ਲਾਜਮੀ ਹੋਵੇਗਾ ਅਤੇ **ਸੀ.ਬੀ.ਐਸ.ਈ** ਨਵੀਂ ਦਿੱਲੀ ਅਜਿਹੇ ਸਕੂਲਾਂ ਵਿੱਚ ਪੰਜਾਬੀ ਦਾ ਇਮਤਿਹਾਨ ਲੈਣ ਦਾ ਉਪਰਾਲਾ ਲਾਜਮੀ ਕਰੇਗਾ ਅਤੇ ਇਸ ਦੇ ਨਾਲ ਹੀ ਇਹ ਵੀ ਕਿਹਾ ਜਾਂਦਾ ਹੈ ਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਤਰਾਜਹੀਣਤਾ ਸਰਟੀਫਿਕੇਟ ਤੁਰੰਤ ਵਾਪਿਸ ਲੈ ਲਿਆ ਜਾਵੇਗਾ।

3. ਸਕੂਲ ਮੈਨੇਜਮੈਂਟ, ਸਿੱਖਿਆ ਵਿਭਾਗ ਪੰਜਾਬ ਸਰਕਾਰ ਵੱਲੋਂ ਆਰ.ਟੀ.ਈ.ਐਕਟ 2009 ਦੇ ਤਹਿਤ ਜਾਰੀ ਕੀਤੇ ਨੋਟੀਫਿਕੇਸ਼ਨ ਅਤੇ ਪੰਜਾਬ ਰਾਜ ਲਈ ਬਣਾਏ ਆਰ.ਟੀ.ਈ.ਐਕਟ-2009 ਦੇ ਰੂਲਾਂ ਦੀ ਇੰਨ-ਬਿੰਨ ਪਾਲਣਾ ਕਰੇਗੀ।

Manager

Principal
Akal Academy Rampur Narotampur

4. ਸੀ.ਬੀ.ਐਸ.ਈ ਨਵੀਂ ਦਿੱਲੀ ਦੀ ਐਫੀਲੀਏਸ਼ਨ ਲੈਣ ਉਪਰੰਤ ਸਕੂਲ ਦੀ ਮੈਨਜਮੈਂਟ ਸਕੂਲ ਦੇ ਟੀਚਿੰਗ ਸਟਾਫ ਅਤੇ ਨਾਨ ਟੀਚਿੰਗ ਸਟਾਫ ਨੂੰ ਸਰਕਾਰੀ ਕਰਮਚਾਰੀਆਂ ਵਾਂਗ ਤਨਖਾਹ ਅਤੇ ਹੋਰ ਭੱਤੇ ਆਦਿ ਅਕਾਊਂਟ ਪੇਈ ਚੈਕਾਂ ਰਾਹੀਂ ਦੇਣ ਲਈ ਵਚਨਵੱਧ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਤਰਾਜਹੀਣਤਾ ਸਰਟੀਫਿਕੇਟ ਤੁਰੰਤ ਵਾਪਿਸ ਲੈ ਲਿਆ ਜਾਵੇਗਾ।

5. ਤੁਸੀ ਖੁਦ ਤੇ ਤੁਹਾਡੀ ਮੈਨੇਜਮੈਂਟ ਇਹ ਵੀ ਯਕੀਨੀ ਬਣਾਏਗੀ ਕਿ ਤੁਹਾਡੇ ਜਿਲ੍ਹੇ ਦੇ ਸਿੱਖਿਆ ਅਫਸਰ ਵੱਲੋਂ ਜਾਂ ਸਿੱਖਿਆ ਵਿਭਾਗ ਦੇ ਕਿਸੇ ਸੀਨੀਅਰ ਅਧਿਕਾਰੀ ਵੱਲੋਂ ਜਦੋਂ ਵੀ ਕਿਸੇ ਤਰ੍ਹਾਂ ਦੀ ਸੂਚਨਾ ਦੀ ਮੰਗ ਕੀਤੀ ਜਾਂਦੀ ਹੈ ਤਾਂ ਉਸਨੂੰ ਲੋੜੀਂਦੀ ਸੂਚਨਾ ਉਪਲੱਬਧ ਕਰਵਾਈ ਜਾਵੇਗੀ ਅਤੇ ਨਾਲ ਹੀ ਲੋੜੀਂਦਾ ਸਹਿਯੋਗ ਵੀ ਦਿੱਤਾ ਜਾਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਤਰਾਜਹੀਣਤਾ ਸਰਟੀਫਿਕੇਟ ਤੁਰੰਤ ਵਾਪਿਸ ਲੈ ਲਿਆ ਜਾਵੇਗਾ।

6 ਬੱਚਿਆ ਦੀ ਸੁਰੱਖਿਆ, ਪਬਲਿਕ ਹੈਲਥ ਸੈਨੀਟੇਸ਼ਨ ਅਤੇ ਹੋਰ ਇਤਰਾਜ਼ਹੀਣਤਾ ਸਰਟੀਫਿਕੇਟ ਜਾਰੀ ਕਰਨ ਦੀਆਂ ਸ਼ਰਤਾਂ ਦਾ ਸਮੇਂ -2 ਨਿਰੀਖਣ ਪੰਜਾਬ ਸਰਕਾਰ ਦੇ ਅਧਿਕਾਰੀਆਂ ਵੱਲੋਂ ਕੀਤਾ ਜਾਵੇਗਾ।

7 ਸੰਸਥਾ ਇੱਕ ਸਾਲ ਤੱਕ ਟਾਊਨ ਪਲਾਨਰ ਪੰਜਾਬ/ਕੰਪੀਟੈਂਟ ਅਥਾਰਟੀ ਤੋਂ ਸੀ.ਐਲ.ਯੂ ਜਾਰੀ ਕਰਵਾ ਕੇ ਅਤੇ ਨਕਸ਼ਾ ਪਾਸ ਕਰਵਾ ਕੇ ਵਿਭਾਗ ਨੂੰ ਦੇਵੇਗੀ।

ਜੇਕਰ ਸਮੇਂ ਸਿਰ ਇਹ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ ਤਾਂ ਐਨ.ਓ.ਸੀ. ਰੱਦ ਸਮਝਿਆ ਜਾਵੇਗਾ।

ਸੰਯੁਕਤ ਸਕੱਤਰ ਸਕੂਲ ਸਿੱਖਿਆ

ਪਿੱ:ਅੰ:ਨੰ: 3/18/2017-3ਸਿ3/ ਮਿਤੀ, ਚੰਡੀਗੜ੍ਹ:

ਉਤਾਰਾ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ ਮੀਮੋ ਨੰ: 15/17-2017-ਗ੍ਰਾਂਟ 1(6)/1198 ਮਿਤੀ 30.03.2017 ਦੇ ਹਵਾਲੇ ਵਿੱਚ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਸਕੂਲ ਦੀ ਹਰ ਪੰਜ ਸਾਲ ਵਿੱਚ ਘੱਟੋ ਘੱਟ ਇਕ ਵਾਰ ਇੰਸਪੈਕਸ਼ਨ ਹਰ ਹਾਲਤ ਵਿੱਚ ਕਰਵਾਈ ਜਾਵੇ ਅਤੇ ਇੰਸਪੈਕਸ਼ਨ ਰਿਪੋਰਟ ਸਰਕਾਰ ਨੂੰ ਭੇਜੀ ਜਾਵੇ । ਸਬੰਧਤ ਸਕੂਲ ਤੋਂ ਉਪਰੋਕਤ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

2. ਅਕਾਲ ਅਕੈਡਮੀ, ਰਾਮਪੁਰ ਨਿਰੋਤਮਪੁਰ (ਤਰਨਤਾਰਨ) ਦੀ ਮਿਸਲ ਮੂਲ ਰੂਪ ਵਿੱਚ ਵਾਪਸ ਭੇਜੀ ਜਾਂਦੀ ਹੈ।

ਸੰਯੁਕਤ ਸਕੱਤਰ ਸਕੂਲ ਸਿੱਖਿਆ

ਅੰਦਰੂਨੀ ਵੰਡ:

1. ਨਿੱਜੀ ਸਕੱਤਰ/ਸਿੱਖਿਆ ਮੰਤਰੀ, ਪੰਜਾਬ।
2. ਨਿੱਜੀ ਸਕੱਤਰ/ਵਧੀਕ ਮੁੱਖ ਸਕੱਤਰ, ਸਕੂਲ ਸਿੱਖਿਆ, ਪੰਜਾਬ।
3. ਨਿੱਜੀ ਸਕੱਤਰ/ਸਪੈਸ਼ਲ/ਸੰਯੁਕਤ ਸਕੱਤਰ ਸਕੂਲ ਸਿੱਖਿਆ, ਪੰਜਾਬ।

Manager
Akal Academy

Principal
Akal Academy Rampur Narotampur
Distt. Tarn Taran
CBSE Affiliation No. 1631235

ENGLISH VERSION OF PUNJAB GOVTERNMENT, EDUCATION DEPARTMENT (EDN.- 3 BRANCH) LETTER NO. 3/18/2017-3 EDN.3/988147/1 DATED 26/5/17

To,

Principal,
Akal Academy,
Rampur Narotampur,
Tarn Taran

Date : Chandigarh :

Subject: Regarding issue of No-objection Certificate to Akal Academy Rampur Narotampur, Tarn Taran for affiliation with C.B.S.E New Delhi

===========

Sir,

Regarding above mentioned subject .

2. After considering documents including affidavit and recondition of Distt. Education Officer(Sen. Sec.) Tarn Taran and Director Education Department (Sen. Sec.) Punjab, Chandigarh no-objection certificate is given by Punjab Government of the following terms and conditions:

1. In future, on complaint/inspection, it found that to get No Objection Certificate, application was made on false facts to the Govt. and or you have not completed the directions issued by Punjab Govt. from time to time and was ignored the terms and conditions mentioned in the affidavit, then No objection certificate can be withdrawn at any time.
2. It will be compulsory in your school to study Punjabi in matric level and CBSE New Delhi will make arrangements to conduct examination of Punjabi compulsory and is also stated failing which No objection certificate shall be withdrawn.
3. School Management act upon the Notification under RTE Act 2009 issued by Education Department of Punjab Govt. and Rules of RTE 2009 prepared for Punjab Govt. in to-to.
4. School Management will assure that the salary and other allowances etc of teach in staff and non teaching staff shall be paid by account payee cheques after getting affiliation with CBSE New Delhi failing which the No objection certificate shall be withdrawn.
5. It will be assured by you and your management will provide any required information as and when asked for by Distt. Education Officer or any senior officer of Edn. Deptt. any time and also give required co. operation failing which No objection certificate shall be withdrawn immediately.
6. Safety of children, public health sanitation and other terms of issue of NOC shall be inspected from time to time of officials of Punjab Govt.

23 JUN 2017

Manager
Akal Academy

Principal
Akal Academy Rampur Narotampur
Distt. Tarn Taran
CBSE Affiliation No. 1631235

7. Organization will provide CLU issued by Town Planner Punjab/competent authority and sketch duly passed to the department within one year.

In case the above terms and conditions are not fulfilled, No objection certificate shall be treated as cancelled.

Sd/-x x x
Jt. Secretary School Education

No. 3/18/2017-353/ Date: Chandigarh

Copy to:
In reference to Director Edn. Deptt. (S:S) Punjab, Chandigarh Memo No. 15/17-2017-Grant 1(6)/1198 dated 30.03.2017, it is requested that inspection of sch0ol must be carried out once in every five years and inspection report to be sent to the Govt. It should be assured that the above terms & conditions must be complied with concerned school.

NOTARY GOVT. OF INDIA

2. Missal of Akal Academy, Rampur Narotampur (Tarn Taran) is returned herewith.

Sd/- x x x
Jt. Secretary School Edn.

Internal distribution:
1. Personal Secretary/Edn. Minister, Punjab.
2. Personal Secretary/Add/ Chief Secretary School Edn., Punjab.
3. Personal Secretary/Special/Jt. Secretary School Edn., Punjab.
4. Recorder Edn. Branch 3.

Attested to be true Translation from Punjabi to English

Manager
Akal Academy

23 JUN 2017

Principal
Akal Academy Rampur Narotampur
Distt. Tarn Taran
CBSE Affiliation No. 1631235